**ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**
**(ਸਿਹਤ-3 ਸ਼ਾਖਾ)**

**ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਸ਼ਿਫਾਰਸਾਂ ਦੇ ਸਨਮੁੱਖ ਸਰਕਾਰ ਦੇ ਹੁਕਮ ਨੰਬਰ : 1/1/2004-2ਸਸ3/2045-51 ਮਿਤੀ 30-04-2004 ਰਾਹੀਂ ਵੱਖ ਕੈਟਾਗਿਰੀਆਂ ਵਿੱਚ ਸੀਨੀਅਰ ਲੈਕਚਾਰ (ਰੀ-ਡੈਜੀਗਨੇਟਿਡ ਸਹਾਇਕ ਪ੍ਰੋਫੈਸਰ) ਤਨਖਾਹ ਸਕੇਲ 14300-19100/- ਰੁਪਏ ਵਿੱਚ ਪੱਦ-ਉਨਤ ਕੀਤਾ ਗਿਆ ਸੀ, ਜਿਸ ਵਿੱਚ 7 ਡਾਕਟਰਾਂ ਨੂੰ ਬਤੌਰ ਸੀਨੀਅਰ ਲੈਕਚਾਰ (ਰੀ-ਡੈਜੀਗਨੈਟਿਡ ਸਹਾਇਕ ਪ੍ਰੋਫੈਸਰ) ਮੈਡੀਸਨ ਵੀ ਪੱਦ-ਉੱਨਤ ਕੀਤਾ ਗਿਆ ਸੀ ।

ਡਾਕਟਰ ਗਿਆਨ ਚੰਦ ਦੀ ਪੱਦ-ਉੱਨਤੀ ਬਤੌਰ ਸੀਨੀਅਰ ਲੈਕਚਾਰ (ਰੀ-ਡੈਜੀਗਨੈਟਿਡ ਸਹਾਇਕ ਪ੍ਰੋਫੈਸਰ) ਮੈਡੀਸਨ ਬਾਰੇ ਵਿਭਾਗੀ ਤਰੱਕੀ ਕਮੇਟੀ ਦੀ ਸਿਫਾਰਸਾਂ ਮਿਤੀ 10-02-2004/20-02-2004 ਨੂੰ ਰੀਵਿਊ ਕਰਦੇ ਹੋਏ ਹੁਣ ਮਿਤੀ 28-10-2013 ਨੂੰ ਹੋਈ ਰੀਵਿਊ ਵਿਭਾਗੀ ਤਰੱਕੀ ਕਮੇਟੀ ਨੇ ਇਹ ਪਾਇਆ ਕਿ ਇਹ ਡਾਕਟਰ ਸਾਲ 2004 ਵਿੱਚ ਹੋਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਸਮੇਂ ਤਰੱਕੀ ਲਈ ਯੋਗ ਸੀ । ਇਸ ਲਈ ਕਮੇਟੀ ਨੇ ਉਸ ਨੂੰ ਉਸੇ ਮਿਤੀ ਤੋਂ ਪੱਦ-ਉਨਤੀ ਕਰਨ ਦੀ ਸਿਫਾਰਸ ਕੀਤੀ, ਜਿਸ ਮਿਤੀ ਤੋਂ ਸਾਲ 2004 ਵਿੱਚ ਡੀ.ਪੀ.ਸੀ ਦੀ ਸਿਫਾਰਸਾਂ ਅਨੁਸਾਰ ਡਾਕਟਰ ਬਤੌਰ ਸਹਾਇਕ ਪ੍ਰੋਫੈਸਰ ਮੈਡੀਸਨ ਪੱਦ-ਉਨਤ ਹੋਏ ਸਨ । ਇਸ ਲਈ ਕਮੇਟੀ ਦੀ ਸਿਫਾਰਸਾ ਅਨੁਸਾਰ ਡਾਕਟਰ ਗਿਆਨ ਚੰਦ ਨੂੰ ਮਿਤੀ 30-04-2004 ਤੋਂ ਬਤੌਰ ਸੀਨੀਅਰ ਲੈਕਚਰਾਰ (ਰੀ-ਡੈਜੀਗਨੈਟਿਡ ਸਹਾਇਕ ਪ੍ਰੋਫੈਸਰ) ਮੈਡੀਸਨ ਤਨਖਾਹ ਸਕੇਲ 14300-19100 ਰੁਪਏ ਵਿੱਚ ਨੋਸਨਲ ਪੱਦ-ਉਨੱਤੀ (ਨੋਸਨਲ ਸਮੇਂ ਦਾ ਕੋਈ ਏਰੀਅਰ ਨਹੀ ਮਿਲੇਗਾ) ਦਿੱਤੀ ਜਾਂਦੀ ਹੈ, ਜਿਸ ਮਿਤੀ ਤੋਂ ਸਰਕਾਰ ਦੇ ਹੁਕਮ ਨੰਬਰ : 1/1/2004-2ਸਸ3/2045-51 ਮਿਤੀ 30-04-2004 ਰਾਹੀਂ 7 ਡਾਕਟਰ ਸੀਨੀਅਰ ਲੈਕਚਰਾਰ (ਰੀ-ਡੈਜੀਗਨੈਟਿਡ ਸਹਾਇਕ ਪ੍ਰੋਫੈਸਰ) ਮੈਡੀਸਨ ਪੱਦ-ਉੱਨਤ ਕੀਤੇ ਗਏ ਸੀ ।

ਸਰਕਾਰ ਦੇ ਹੁਕਮ ਨੰਬਰ : 1/1/2004-2ਸਸ3/2045-51 ਮਿਤੀ 30-04-2004 ਰਾਹੀਂ ਲਗਾਈਆਂ ਪੱਦ-ਉਨਤੀ ਦੀਆਂ ਸਰਤਾਂ ਡਾਕਟਰ ਗਿਆਨ ਚੰਦ ਦੀ ਪੱਦ-ਉਨਤੀ ਤੇ ਵੀ ਲਾਗੂ ਹੋਣਗੀਆਂ ।

**ਮਿਤੀ, ਚੰਡੀਗੜ੍ਹ :**
26-11-2013

**ਵਿਨੀ ਮਹਾਜਨ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**

**ਪਿੱ:ਅੰ:ਨੰਬਰ :** 1/3/2012-2ਸਸ3/7277-80. **ਮਿਤੀ, ਚੰਡੀਗੜ੍ਹ :** 26/11/2013.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

1. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ ।
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ।
3. ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।
4. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ / ਪਟਿਆਲਾ ।
5. ਸਬੰਧਤ ਡਾਕਟਰ ।
6. ਨਿੱਜੀ ਸਕੱਤਰ / ਐਮ.ਈ.ਆਰ.ਐਮ ।
7. ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ ।
8. ਨਿੱਜੀ ਸਹਾਇਕ / ਏ.ਐਸ.ਐਮੀ. ਈ ਆਰ

**(ਮਨਮੋਹਨ ਸਿੰਘ)**
**ਅਧੀਨ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ**

**ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**
**(ਸਿਹਤ-3 ਸ਼ਾਖਾ)**

**ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਸ਼ਿਫਾਰਸਾਂ ਮਿਤੀ 21-10-2013 ਦੇ ਸਨਮੁੱਖ ਹੇਠ ਲਿਖੇ ਸਹਾਇਕ ਪ੍ਰੋਫੈਸਰ, ਪ੍ਰੋਡਿਆਟ੍ਰਿਕਸ ਨੂੰ ਤਨਖਾਹ ਸਕੇਲ 37400-67000+8900/- ਰੁਪਏ ਗਰੇਡ ਪੇ ਵਿੱਚ ਬਤੌਰ ਐਸੋਸੀਏਟ ਪ੍ਰੋਫੈਸਰ ਪੱਦ-ਉੱਨਤ ਕੀਤਾ ਜਾਂਦਾ ਹੈ :-

1) ਡਾਕਟਰ ਗੁਰਸਰਨ ਸਿੰਘ
2) ਡਾਕਟਰ ਪਲਵਿੰਦਰ ਸਿੰਘ

2. ਇਸ ਤੋਂ ਇਲਾਵਾ ਉਕਤ ਪੱਦ-ਉੱਨਤ ਹੋਏ ਐਸੋਸੀਏਟ ਪ੍ਰੋਫੈਸਰ ਪੈਡਿਆਟ੍ਰਿਕਸ ਦੀ ਤੈਨਾਤੀ ਹੇਠ ਲਿਖੇ ਅਨੁਸਾਰ ਕੀਤੀ ਜਾਂਦੀ ਹੈ: -

| ਲੜੀ ਨੰਬਰ | ਡਾਕਟਰ ਦਾ ਨਾਮ ਅਤੇ ਅਹੁੱਦਾ | ਨਵੀਂ ਤੈਨਾਤੀ | ਵਿਸ਼ੇਸ ਕਥਨ |
|---|---|---|---|
| 1. | ਡਾਕਟਰ ਗੁਰਸਰਨ ਸਿੰਘ, ਐਸੋਸੀਏਟ ਪ੍ਰੋਫੈਸਰ ਪੈਡਿਆਟ੍ਰਿਕਸ | ਪੈਡਿਆਟ੍ਰਿਕਸ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ । | ਖਾਲੀ ਥਾਂ ਤੇ |
| 2. | ਡਾਕਟਰ ਪਲਵਿੰਦਰ ਸਿੰਘ, ਐਸੋਸੀਏਟ ਪ੍ਰੋਫੈਸਰ ਪੈਡਿਆਟ੍ਰਿਕਸ | ਪੈਡਿਆਟ੍ਰਿਕਸ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ । | ਖਾਲੀ ਥਾਂ ਤੇ |

3. ਉਪਰੋਕਤ ਡਾਕਟਰਾਂ ਦੀ ਪਦ-ਉੱਨਤੀਆਂ ਬਤੌਰ ਐਸੋਸੀਏਟ ਪ੍ਰੋਫੈਸਰ ਪੈਡਿਆਟ੍ਰਿਕਸ ਹੇਠ ਦਰਸਾਈਆਂ ਸ਼ਰਤਾਂ ਤੇ ਨਿਰਭਰ ਹੋਣਗੀਆ: -

ੳ) ਇਹ ਡਾਕਟਰ ਇੱਕ ਸਾਲ ਦੇ ਪਰਖ ਸਮੇਂ ਅਧੀਨ ਰਹਿਣਗੇ ।

ਅ) ਇਨ੍ਹਾਂ ਡਾਕਟਰਾਂ ਤੇ ਪੰਜਾਬ ਮੈਡੀਕਲ ਐਜੂਕੇਸ਼ਨ ਸਰਵਿਸ ਰੂਲ, 1978 / 1985 ਅਤੇ ਪੰਜਾਬ ਸਿਵਲ ਸਰਵਿਸਜ (ਜਨਰਲ ਐਂਡ ਕਾਮਨ ਕੰਡੀਸ਼ਨਜ਼ ਆਫ ਸਰਵਿਸ) ਰੂਲਜ, 1994 (ਸਮੇਂ-ਸਮੇਂ ਸਿਰ ਸੋਧ ਅਨੁਸਾਰ) ਅਤੇ ਨੋਟੀਫਿਕੇਸ਼ਨ ਨੰਬਰ : 1/229/97-4.ਐਚ.ਬੀ.3/2034 ਮਿਤੀ 22-05-2003 ਵਿੱਚ ਦਰਜ ਨਿਰਧਾਰਤ ਸ਼ਰਤਾਂ ਲਾਗੂ ਹੋਣਗੀਆਂ ।

ੲ) ਜੇਕਰ ਉਪਰੋਕਤ ਡਾਕਟਰਾਂ ਦੀ ਪੱਦ-ਉੱਨਤੀ ਨਾ ਹੁੰਦੀ ਤਾਂ ਉਹ ਹੇਠਲੇ ਕਾਡਰ ਦੀ ਆਪਣੀ ਮੌਜੂਦਾ ਆਸਾਮੀ ਤੇ ਹੀ ਕੰਮ ਕਰਦੇ ਰਹਿਣਾਂ ਸੀ ।

ਸ) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲੰਬਿਤ ਸਿਵਲ ਰਿੱਟ ਪਟੀਸ਼ਨ ਜਾਂ ਹੋਰ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੇ ਅੰਤਿਮ ਫੈਸਲੇ ਤੇ ਨਿਰਭਰ ਹੋਣਗੀਆਂ ।

ਹ) ਸਬੰਧਤ ਡਾਕਟਰ ਪਦ-ਉੱਨਤੀ ਉਪਰੰਤ ਪੋਸਟਿੰਗ ਦੀ ਥਾਂ ਤੇ ਤੁਰੰਤ ਹਾਜ਼ਰੀ ਰਿਪੋਰਟ ਪੇਸ਼ ਕਰਨਗੇ । ਹਾਜ਼ਰ ਹੋਣ ਦੇ ਸਮੇਂ ਵਿਚ ਕਿਸੇ ਵੀ ਹਾਲਤ ਵਿਚ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਇਸ ਸਬੰਧੀ ਕਿਸੇ ਕਿਸਮ ਦੀ ਪ੍ਰਤੀ ਬੇਨਤੀ ਤੇ ਵਿਚਾਰ ਕੀਤਾ ਜਾਵੇਗਾ ।

ਖ) ਪਦ-ਉੱਨਤੀ ਦੀ ਆਸਾਮੀ ਤੇ ਹਾਜ਼ਰ ਨਾ ਹੋਣ ਦੀ ਸੂਰਤ ਵਿਚ ਸਬੰਧਤ ਡਾਕਟਰ ਨੂੰ ਨਿਯਮਾਂ ਅਨੁਸਾਰ ਦੋ ਸਾਲ ਲਈ ਤਰੱਕੀ ਲਈ ਡੀ-ਬਾਰ ਕਰ ਦਿੱਤਾ ਜਾਵੇਗਾ ।

**ਮਿਤੀ, ਚੰਡੀਗੜ੍ਹ :** 26-11-2013

**ਵਿਨੀ ਮਹਾਜਨ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**

**ਪਿ:ਅੰ:ਨੰਬਰ : 1/1/2010-2ਸਸ3/** 7281-85 **ਮਿਤੀ, ਚੰਡੀਗੜ੍ਹ :** 26-11-2013.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

1. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ ।
2. ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ।
3. ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।
4. ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ / ਪਟਿਆਲਾ ।
5. ਸਬੰਧਤ ਡਾਕਟਰ ।
6. ਨਿੱਜੀ ਸਕੱਤਰ / ਐਮ.ਈ.ਆਰ.ਐਮ ।
7. ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ ।
8. ਨਿੱਜੀ ਸਹਾਇਕ / ਏ.ਐਸ.ਐਮੀ. ਈ ਆਰ

**(ਮਨਮੋਹਨ ਸਿੰਘ)**
**ਅਧੀਨ ਸਕੱਤਰ, ਮੈਡੀਕਲ ਸਿੱਖਿਆ ਅਤੇ ਖੋਜ**